PSEB/55/2020-AS 09-AFF BRANCH-PSEBI/90850/2024

ਪੰਜਾਬ ਸਕੂਲ ਸਿੱਖਿਆ ਬੋਰਡ

(ਐਫੀਲੀਏਸ਼ਨ ਸ਼ਾਖਾ)

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ/ ਮੁੱਖ ਅਧਿਆਪਕਾ,
ਸਮੂਹ ਐਫੀਲੀਏਟਿਡ/ਐਸੋਸੀਏਟਿਡ ਸਕੂਲਜ਼,
ਪੰਜਾਬ।
ਨੰਬਰ: (35191) ਪਸਸਬ-ਐਫੀ: 2024/ 2666 ਮਿਤੀ: 30/07/24

**ਵਿਸ਼ਾ:- ਪ੍ਰਵਾਣਿਤ ਗਿਣਤੀ ਤੋਂ ਵੱਧ ਦਾਖਲ ਕੀਤੇ ਵਿਦਿਆਰਥੀਆਂ ਸਬੰਧੀ।**

**ਹਵਾਲਾ: ਪਸਸਬ-ਐਫੀ. 2024 / 1605 ਮਿਤੀ 04-04-2024 , 2015 ਮਿਤੀ 07-05-2024 ਅਤੇ 2276 ਮਿਤੀ 18-06-2024**

********

ਐਫੀਲੀਏਸ਼ਨ ਵਿਨਿਯਮ 20(b) ਅਨੁਸਾਰ ਸ਼੍ਰੇਣੀ ਵਾਈਜ਼ ਪ੍ਰਤੀ ਸੈਕਸ਼ਨ ਵਿਦਿਆਰਥੀ ਦਾਖਲ ਕਰਨ ਦਾ ਉਪਬੰਧ ਹੇਠ ਅਨੁਸਾਰ ਦਰਜ਼ ਹੈ -

| | |
|---|---|
| **ਦਸਵੀਂ** | **50 ਵਿਦਿਆਰਥੀ** |
| **ਬਾਰ੍ਹਵੀਂ (ਹਿਊ:)** | **60 ਵਿਦਿਆਰਥੀ** |
| **ਬਾਰ੍ਹਵੀਂ (ਕਾਮਰਸ)** | **50 ਵਿਦਿਆਰਥੀ** |
| **ਬਾਰ੍ਹਵੀਂ (ਸਾਇੰਸ)** | **50 ਵਿਦਿਆਰਥੀ** |

ਅਕਸਰ ਵੇਖਿਆ ਗਿਆ ਹੈ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੇ ਸ਼ਡਿਊਲ ਦੀ ਸਮਾਪਤੀ ਉਪਰੰਤ ਸੰਸਥਾਵਾਂ ਵੱਲੋਂ ਐਫੀਲੀਏਸ਼ਨ ਵਿਨਿਯਮਾਂ ਦੀ ਉਲੰਘਣਾ ਕਰਦੇ ਹੋਏ ਪ੍ਰਵਾਣਿਤ ਗਿਣਤੀ ਤੋਂ ਵੱਧ ਦਾਖਲ ਕੀਤੇ ਵਿਦਿਆਰਥੀਆਂ ਦੇ ਭਵਿੱਖ ਦਾ ਹਵਾਲਾ ਦੇ ਕੇ ਵਾਧੂ ਸੈਕਸ਼ਨ ਦੀ ਮੰਗ ਕੀਤੀ ਜਾਂਦੀ ਹੈ। ਨੌਵੀਂ/ਦਸਵੀਂ ਜਾਂ ਗਿਆਰਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਕੀਤੇ ਗਏ ਵਿਦਿਆਰਥੀਆਂ ਦੀ ਗਿਣਤੀ ਸੰਸਥਾ ਵਿੱਚ ਹੇਠਲੀਆਂ ਸ਼੍ਰੇਣੀਆਂ ਦੇ ਮੁਕਾਬਲੇ ਅਣਉਚਿਤਤਾ ਦਾ ਪ੍ਰਭਾਵ ਦਿੰਦੀ ਹੈ। ਵਾਧੂ ਸੈਕਸ਼ਨ ਲਈ ਅਪਲਾਈ ਕਰਨ ਵਾਲੀਆਂ ਸੰਸਥਾਵਾਂ ਐਫੀਲੀਏਸ਼ਨ ਵਿਨਿਯਮਾਂ ਅਨੁਸਾਰ ਇਨਫਰਾਸਟਰਕਚਰ / ਸ਼ਰਤਾਂ ਦੀ ਪੂਰਤੀ ਨਾ ਕਰਨ ਦੇ ਬਾਵਜੂਦ ਪ੍ਰਵਾਨਿਤ ਗਿਣਤੀ ਤੋਂ ਵੱਧ ਵਿਦਿਆਰਥੀਆਂ ਦਾ ਦਾਖਲਾ ਕਰ ਲੈਂਦੀਆਂ ਹਨ ਜੋ ਕਿ ਤਰਕਸੰਗਤ ਨਹੀਂ ਹੈ।

ਅਕਾਦਮਿਕ ਸੈਸ਼ਨ 2024-25 ਦੌਰਾਨ ਜਿਨ੍ਹਾਂ ਸੰਸਥਾਵਾਂ ਵੱਲੋਂ ਵਾਧੂ ਸੈਕਸ਼ਨ ਲਈ ਕੇਸ ਪ੍ਰਾਪਤ ਹੋਣਗੇ ਉਨ੍ਹਾਂ ਨੂੰ ਕੇਵਲ ਐਫੀਲੀਏਸ਼ਨ ਵਿਨਿਯਮ 20(a) ਅਨੁਸਾਰ ਹੀ ਵਿਚਾਰਿਆ ਜਾਵੇਗਾ ਅਤੇ ਇਨਫਰਾਸਟਕਚਰ/ਸ਼ਰਤਾਂ ਦੀ ਪੂਰਤੀ ਨਾ ਕਰਨ ਵਾਲੀਆਂ ਸੰਸਥਾਵਾਂ ਦੇ ਕੇਸ ਰੱਦ ਕਰ ਦਿੱਤੇ ਜਾਣਗੇ। ਸੰਸਥਾਵਾਂ ਵੱਲੋਂ ਅਕਾਦਮਿਕ ਸੈਸ਼ਨ 2024-25 ਦੌਰਾਨ ਪ੍ਰਵਾਨਿਤ ਸੈਕਸ਼ਨ ਤੋਂ ਵੱਧ ਦਾਖਲ ਕੀਤੇ ਗਏ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੇ ਜੁਰਮਾਨੇ/ਛੋਟ ਨਾਲ ਵੀ ਕਿਸੇ ਵੀ ਸੂਰਤ ਵਿੱਚ ਮਾਰਚ 2025 ਦੀਆਂ ਸਲਾਨਾ ਪ੍ਰੀਖਿਆਵਾਂ ਵਿੱਚ ਅਪੀਅਰ ਕਰਵਾਉਣ ਦੀ ਪ੍ਰਵਾਨਗੀ/ਕਾਰਜ ਬਾਅਦ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

ਸਮੂਹ ਸੰਸਥਾਵਾਂ ਨੂੰ ਇਸ ਪੱਤਰ ਰਾਹੀਂ ਹਦਾਇਤ ਕੀਤੀ ਜਾਂਦੀ ਹੈ ਕਿ ਅਕਾਦਮਿਕ ਸੈਸ਼ਨ 2024-25 ਤੋਂ ਐਫੀਲੀਏਸ਼ਨ ਵਿਨਿਯਮ 20(b) ਅਤੇ ਪ੍ਰਵਾਨਿਤ ਸੈਕਸ਼ਨਾਂ/ਗਿਣਤੀ ਅਨੁਸਾਰ ਹੀ ਵਿਦਿਆਰਥੀਆਂ ਦਾ ਦਾਖਲਾ ਕੀਤਾ ਜਾਵੇ। ਜੇਕਰ ਸੰਸਥਾਵਾਂ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਐਫੀਲੀਏਸ਼ਨ ਵਿਨਿਯਮਾਂ ਦੀ ਪਾਲਣਾ ਨਾ ਕਰਦੇ ਹੋਏ ਪ੍ਰਵਾਨਿਤ ਸੈਕਸ਼ਨ ਤੋਂ ਵੱਧ ਵਿਦਿਆਰਥੀਆਂ ਦਾ ਦਾਖਲਾ ਕਰਦੀਆਂ ਹਨ ਤਾਂ ਅਜਿਹੇ ਵੱਧ ਦਾਖਲ ਕੀਤੇ ਵਿਦਿਆਰਥੀਆਂ ਦੇ ਦਾਖਲੇ ਨੂੰ ਰੱਦ ਕਰ ਦਿੱਤਾ ਜਾਵੇਗਾ, ਜਿਸਦੀ ਸਾਰੀ ਜ਼ਿੰਮੇਵਾਰੀ ਸੰਸਥਾਵਾਂ ਦੀ ਆਪਣੀ ਹੋਵੇਗੀ।

ਉਪਰੋਕਤ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਉਲੰਘਣਾ ਕਰਨ ਵਾਲੀਆਂ ਸੰਸਥਾਵਾਂ ਵਿਰੁੱਧ ਐਫੀਲੀਏਸ਼ਨ ਵਿਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

30/07/2024

ਸਹਾਇਕ ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ।